INSERT STUDENT I.D. NUMBER (PEN)

STICKER IN THIS SPACE

**JUNE 1999**

# PROVINCIAL EXAMINATION

**MINISTRY OF EDUCATION**

# PUNJABI 12

## GENERAL INSTRUCTIONS

1. Insert the stickers with your Student I.D. Number (PEN) in the allotted spaces above and on the **back** cover of this booklet. **Under no circumstance is your name or identification, other than your Student I.D. Number, to appear on this booklet.**

2. Ensure that in addition to this examination booklet, you have an **Examination Response Form**. Follow the directions on the front of the Response Form.

3. **Disqualification** from the examination will result if you bring books, paper, notes or unauthorized electronic devices into the examination room.

4. All multiple-choice answers must be entered on the Response Form using an **HB pencil**. Multiple-choice answers entered in this examination booklet will **not** be marked.

5. For each of the written-response questions, write your answer in **ink** in the space provided in this booklet.

6. When instructed to open this booklet, **check the numbering of the pages** to ensure that they are numbered in sequence from page one to the last page, which is identified by

   **END OF EXAMINATION**.

7. At the end of the examination, place your Response Form inside the front cover of this booklet and return the booklet and your Response Form to the supervisor.

©1999 Ministry of Education

**THIS PAGE INTENTIONALLY BLANK**

**PUNJABI 12 PROVINCIAL EXAMINATION**

| | | Value | Suggested Time |
|---|---|---|---|
| 1. This examination consists of **four** parts: | | | |
| PART A: | Interpersonal Communication | | |
| | Section 1: Language Elements A | 10 | 5 |
| | Section 2: Language Elements B | 10 | 10 |
| PART B: | Creative Written Works | | |
| | Section 3: Fiction (Prose) | 10 | 25 |
| | Section 4: Fiction (Drama) | 10 | 10 |
| PART C: | Informational Communication | | |
| | Section 5: Non-Fiction (Journalistic Prose) | 10 | 20 |
| | Section 6: Non-Fiction (Authentic Document) | 10 | 20 |
| PART D: | Interpersonal Communication | | |
| | Section 7: Story Completion | 10 | 10 |
| | Section 8: Letter | 10 | 10 |
| | Section 9: Map Directions | 10 | 10 |
| | **Total** | **90 marks** | **120 minutes** |

2. Electronic devices, including dictionaries and pagers, are **not** permitted in the examination room.

3. There is a number on the Response Form for each multiple-choice question in this examination booklet. When you answer each question, make sure that the number on the Response Form is the same as the number in this examination booklet.

4. The time allotted for this examination is **two hours**. *Use your time wisely.* Adequate writing space has been provided for average-sized writing. Do not attempt to determine the length of your answers by the amount of writing space available.

**THIS PAGE INTENTIONALLY BLANK**

**PART A: INTERPERSONAL COMMUNICATION**

**SECTION 1: LANGUAGE ELEMENTS A**

**Value: 10 marks** **Suggested Time: 5 minutes**

| | |
|---|---|
| **INSTRUCTIONS**: | For questions 1 to 10, select the answer that **best** completes the sentence and record your choice on the Response Form provided. Using an HB pencil, completely fill in the circle that has the letter corresponding to your answer. |

1. ਜੰਗਲਾਂ ਦੇ ਰੁੱਖ ਦਰਿਆਵਾਂ ___________ ਹੜ੍ਹ ਨਹੀਂ ਆਉਣ ਦਿੰਦੇ।

   A. ਨੂੰ
   B. ਉੱਤੇ
   C. ਵਿੱਚ
   D. ਸਾਹਮਣੇ

2. ਉਹ ਮੇਰੇ ___________ ਦੋ ਸਾਲ ਵੱਡੀ ਹੈ।

   A. ਤੇਰੇ
   B. ਵੱਲ
   C. ਨਾਲ
   D. ਨਾਲੋਂ

3. ਕ੍ਰਿਪਾ ਕਰਕੇ ਮੈਨੂੰ ਉਹ ਕਿਤਾਬ ਦੇ ___________ ।

   A. ਸੀ
   B. ਭੇਜੋ
   C. ਦਿਉ
   D. ਦਿੱਤੀ

4. ਉਸਨੇ ਮੈਨੂੰ ਅੱਜ ਤੱਕ ਕੋਈ ___________ ਨਹੀਂ ਪਾਈ।

   A. ਚਿੱਠੀ
   B. ਰਸਤਾ
   C. ਰਸਾਲੇ
   D. ਕਿਤਾਬਾਂ

**OVER**

5. ___________ ਤੁਸੀਂ ਆਪਣੇ ਦੋਸਤ ਨੂੰ ਫੋਨ ਕਰ ਦਿੱਤਾ ਹੈ ?

A. ਕੀ
B. ਕਿਥੇ
C. ਕਿਵੇਂ
D. ਕਿਉਂ

6. ਜਿਥੇ ਬਹੁਤੇ ਰੁੱਖ ਆਪਣੇ ਆਪ ਉੱਗ ਆਏ ਹੋਣ ਉਸ ਨੂੰ ___________ ਕਹਿੰਦੇ ਹਨ ।

A. ਖੇਤ
B. ਬੂਟੇ
C. ਫਸਲ
D. ਜੰਗਲ

7. ਅੱਜ ਕੱਲ ਚਿੱਠੀਆਂ ਹਵਾਈ ਜਹਾਜ਼ਾਂ ਵਿੱਚ ਜਾਂਦੀਆਂ ___________ ।

A. ਹੈ
B. ਸੀ
C. ਹਨ
D. ਸਨ

8. ਤੇਰੇ ਵੀਰ ਜੀ ਨੇ ਰੋਟੀ ਖਾ ___________ ਹੈ।

A. ਰਹੀ
B. ਲਈ
C. ਗਈ
D. ਲੈਣਗੇ

9. ਮੈਂ ਬਜ਼ਾਰ ___________ ਹੈ।

A. ਜਾਣਾ
B. ਜਾਵਾਂਗਾ
C. ਜਾਵਾਂਗੀ
D. ਆਵਾਂਗਾ

10. ਇਹ ਪ੍ਰੀਖਿਆ ਬਹੁਤ ___________ ਹੈ।

A. ਔਖਾ
B. ਸੌਖੀ
C. ਹੁੰਦੀ
D. ਚੰਗਾ

## SECTION 2: LANGUAGE ELEMENTS B

**Value: 10 marks** **Suggested Time: 10 minutes**

| | |
|---|---|
| **INSTRUCTIONS:** | Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses. |

### ਬਸੰਤ ਪੰਚਮੀ (Spring Festival)

ਬਸੰਤ ਪੰਚਮੀ ਮਾਘ ਦੀ ਮੱਸਿਆ ਤੋਂ ਪੰਜਵੇ ਦਿਨ ਹੁੰਦੀ ਹੈ । ਇਸ ਦਿਨ ਤੋਂ ਬਸੰਤ ਰੁੱਤ ਦੀ ਸ਼ੁਰੂਆਤ ਹੁੰਦੀ ਹੈ । ਇਸ ਰੁੱਤ ਵਿਚ ਕਣਕਾਂ ਦੇ ਸਿੱਟੇ ਨਿਕਲਣ ਲਗਦੇ ਹਨ । ਸਰ੍ਹੋਂ ਦੇ ਖੇਤਾਂ ਦੇ ਖੇਤ __________ (1a) ਫੁੱਲਾਂ ਨਾਲ ਭਰੇ ਹੋਏ ਹੁੰਦੇ ਹਨ । ਇੰਜ ਜਾਪਦਾ ਹੈ ਜਿਵੇਂ ਪੀਲੇ ਰੰਗ ਦੇ __________ (1b) ਜਗ੍ਹਾ ਜਗ੍ਹਾ ਤੇ ਵਿਛੇ ਹੋਏ ਹਨ । ਕਈ ਤਰ੍ਹਾਂ ਦੇ ਪੀਲੇ ਰੰਗ ਦੇ ਫੁੱਲਾਂ ਤੇ __________ (1c) ਛਾਈ ਹੁੰਦੀ ਹੈ । ਬਸੰਤ ਦੀ ਰੁੱਤ ਬੱਚਿਆਂ ਲਈ __________ (1d) ਉਡਾਉਣ ਦੀ ਹੁੰਦੀ ਹੈ। ਨੀਲੇ __________ (1e) ਵਿੱਚ ਪਤੰਗਾਂ ਹੀ ਪਤੰਗਾਂ ਦਿਖਾਈ ਦਿੰਦੀਆਂ ਹਨ । ਪਹਿਲੇ ਪਤੰਗਾਂ ਵੀ ਪੀਲੇ ਰੰਗ ਦੀਆਂ __________ (1f) ਸਨ । ਅੱਜ ਕਲ ਕਈ __________ (1g) ਦੀਆਂ ਪਤੰਗਾਂ ਉੱਡਦੀਆਂ ਦੇਖੀਆਂ ਜਾਂਦੀਆਂ ਹਨ । ਉੱਡਦੀਆਂ ਪਤੰਗਾਂ ਦੇ __________ (1h) ਲਾਏ ਜਾਂਦੇ ਹਨ ਅਤੇ ਪਤੰਗਾਂ ਦੀਆਂ ਡੋਰਾਂ ਕੱਟੀਆਂ ਜਾਂਦੀਆਂ ਹਨ । ਕੱਟੀਆਂ ਪਤੰਗਾਂ ਨੂੰ __________ (1i) ਲਈ ਬੱਚੇ ਤੇ ਨੌਜਵਾਨ ਦੌੜਦੇ ਹਨ । ਜਿਸ ਦੇ __________ (1j) ਪਤੰਗ ਦੀ ਡੋਰ ਆ ਜਾਵੇ, ਪਤੰਗ ਉਸਦੀ ਹੋ ਜਾਂਦੀ ਹੈ। ਇਹ ਬਸੰਤ ਦੇ ਤਿਉਹਾਰ ਦੀ ਵੱਡੀ ਰੌਣਕ ਹੁੰਦੀ ਹੈ ।

**OVER**

**PART B: CREATIVE WRITTEN WORKS**
**SECTION 3: FICTION (PROSE)**

**Value: 10 marks** **Suggested Time: 25 minutes**

**INSTRUCTIONS:** Read the following passage carefully. For questions 11 to 15, select the **best** answer and record your choice on the Response Form provided.

# ਜਿੰਦਾਂ ਦੀਆਂ ਅੰਤਿਮ ਘੜੀਆਂ

by Suba Surinder Kaur Kharal

31 ਜੁਲਾਈ 1863 ਦੀ ਸ਼ਾਮ ਨੂੰ ਮਹਾਰਾਣੀ (queen) ਜਿੰਦਾਂ ਆਪਣੇ ਨਿਵਾਸ ਅਸਥਾਨ ਐਬਿੰਗਟਨ ਹਾਊਸ ਦੇ ਇਕ ਕਮਰੇ ਵਿੱਚ ਪਲੰਘ ਉੱਤੇ ਲੇਟੀ ਹੋਈ ਆਪਣੇ ਜੀਵਨ ਦੀਆਂ ਅੰਤਮ ਘੜੀਆਂ ਗਿਣ ਰਹੀ ਸੀ। ਸਾਰੀ ਰਾਤ ਉਹ ਆਪਣੇ ਪੁੱਤਰ ਦਲੀਪ ਨੂੰ ਉਡੀਕਦੀ ਰਹੀ, ਜਿਸ ਨੂੰ ਲੈਣ ਸੂਰਤੀ, ਉਸ ਦਾ ਸੇਵਕ, ਗਿਆ ਹੋਇਆ ਸੀ। ਜਿਉਂ ਜਿਉਂ ਰਾਤ ਬੀਤਦੀ ਗਈ ਤਿਉਂ ਤਿਉਂ ਮਹਾਰਾਣੀ ਦੀ ਹਾਲਤ ਖਰਾਬ ਹੁੰਦੀ ਗਈ। ਜਦ ਰਾਤ ਮੁੱਕੀ, ਸੂਰਜ ਚੜ੍ਹਣ ਲੱਗਾ ਤਾਂ ਬੜੀ ਔਖਿਆਈ ਨਾਲ ਮਹਾਰਾਣੀ ਨੇ ਪੁੱਛਿਆ, "ਆਇਆ ਨਹੀਂ ? ਅੱਛਾ ਮੈਂ ਤਾਂ ਚਲੀ ਹਾਂ। ਉਸ ਨੂੰ ਆਖ ਦਿਓ … ਉਡੀਕਦੀ ਮਰ ਗਈ। ਮੇਰੇ ਦਲੀਪ ਨੂੰ ਆਖਣਾ ਮੇਰੇ ਸਰੀਰ ਦਾ ਸਸਕਾਰ (cremation) ਸ਼ੇਰੇ-ਪੰਜਾਬ, ਮਹਾਰਾਜਾ ਰਣਜੀਤ ਸਿੰਘ, ਦੀ ਸਮਾਧੀ (cremation site) ਦੇ ਨੇੜੇ ਕਰੇ। ਇਹੋ ਮੇਰੀ ਇੱਛਾ ਹੈ। ਮੈਂ ਪਿਆਰੇ ਪੰਜਾਬ ਦੀ ਲੱਕੜੀ ਨਾਲ ਸੜਨਾ ਚਾਹੁੰਦੀ ਹਾਂ। ਮੇਰੇ ਫੁੱਲ (remains) ਦਰਿਆ ਰਾਵੀ ਦੀ ਭੇਟ ਕੀਤੇ ਜਾਣ, ਜਿਸ ਦੇ ਕੰਢੇ ਮੈਂ ਜੰਮੀ ਪਲੀ। ਮੇਰੇ ਪੁੱਤਰ ਨੂੰ ਆਖਣਾ ਆਪਣਾ ਹੱਕ ਲੈਣ ਵਾਸਤੇ ਹਿੰਮਤ ਕਰੇ। ਉਹ ਉਸ ਸ਼ੇਰੇ-ਪੰਜਾਬ ਦਾ ਪੁੱਤਰ ਹੈ, ਜਿਸ ਦੇ ਹੱਥ ਸਦਾ ਤਲਵਾਰ ਰਹੀ। ਬਸ ਇਹੀ ਮੇਰਾ ਸੁਨੇਹਾ ਹੈ।" ਮਹਾਰਾਣੀ ਬੋਲਣ ਤੋਂ ਅਸਮਰਥ (unable) ਹੋ ਗਈ। ਉਸਨੂੰ ਸਾਹ ਔਖਾ ਆਉਣ ਲੱਗ ਪਿਆ। ਅੰਤਮ ਵਾਰ ਮਹਾਰਾਣੀ ਦਾ ਸਰੀਰ ਜ਼ੋਰ ਨਾਲ ਕੰਬਿਆ ਤੇ ਇਸ ਕਾਂਬੇ ਦੇ ਨਾਲ ਹੀ ਇੱਕ ਮੱਧਮ ਜਿਹੀ ਹੂਕ (sigh) ਅੰਦਰੋਂ ਉੱਠੀ, "ਮੇ … ਰਾ … ਦ … ਲੀ … ਪ "। ਇੰਜ ਮਹਾਰਾਣੀ ਆਪਣੇ ਪੁੱਤਰ ਦੇ ਪਹੁੰਚਣ ਤੋਂ ਪਹਿਲਾਂ ਹੀ ਇਸ ਸੰਸਾਰ ਨੂੰ ਛੱਡ ਗਈ।

ਜਿਸ ਮਹਾਰਾਣੀ ਜਿੰਦਾਂ ਕੋਲੋਂ ਸਾਰਾ ਬਰਤਾਨਵੀ ਸਾਮਰਾਜ (British Empire) ਡਰਦਾ ਸੀ ਉਸ ਦੀ ਲੋਥ (dead body) ਇੱਕ ਸੰਦੂਕ (coffin) ਵਿਚ ਬੰਦ ਕਰਕੇ, ਦੁਖੀ ਹੋਇਆ ਮਹਾਰਾਜਾ ਦਲੀਪ ਸਿੰਘ ਹਿੰਦੁਸਤਾਨ ਨੂੰ ਲੈ ਜਾ ਰਿਹਾ ਸੀ।

11. ਮਹਾਰਾਣੀ ਕਿਸ ਨੂੰ ਮਿਲਣ ਲਈ ਉਡੀਕ ਰਹੀ ਸੀ ?

A. ਸ਼ੇਰੇ ਪੰਜਾਬ ਨੂੰ
B. ਦਲੀਪ ਸਿੰਘ ਨੂੰ
C. ਸੇਵਕ ਸੂਰਤੀ ਨੂੰ
D. ਡਾਕਟਰ ਲਾਜਿਕ ਨੂੰ

12. ਮਹਾਰਾਣੀ ਨੇ ਜਦੋਂ ਕਿਹਾ , "ਅੱਛਾ ਮੈਂ ਤਾਂ ਚਲੀ ਹਾਂ", ਉਸਦਾ ਮਤਲਬ ਸੀ ਕਿ ਉਹ

A. ਸੌਣ ਲੱਗੀ ਹੈ ।
B. ਮਰਨ ਲੱਗੀ ਹੈ ।
C. ਹਿੰਦੁਸਤਾਨ ਚੱਲੀ ਹੈ ।
D. ਤਲਵਾਰ ਲੈਣ ਚੱਲੀ ਹੈ ।

13. ਮਹਾਰਾਣੀ ਜਿੰਦਾਂ ਆਪਣੇ ਫੁੱਲ ਕਿਸ ਦਰਿਆ ਦੀ ਭੇਟ ਕਰਵਾਉਣਾ ਚਾਹੁੰਦੀ ਸੀ ?

A. ਗੰਗਾ ਦੀ
B. ਰਾਵੀ ਦੀ
C. ਬਿਆਸ ਦੀ
D. ਨਰਬਦਾ ਦੀ

14. "ਉਹ ਸ਼ੇਰੇ ਪੰਜਾਬ ਦਾ ਪੁੱਤਰ ਹੈ ਜਿਸ ਦੇ ਹੱਥ ਹਮੇਸ਼ਾਂ ਤਲਵਾਰ ਰਹੀ ਹੈ " – ਮਹਾਰਾਣੀ ਦਾ ਇਸ ਤੋਂ ਕੀ ਮਤਲਬ ਸੀ ?

A. ਦਲੀਪ ਡਰਪੋਕ ਹੈ
B. ਦਲੀਪ ਮਹਾਰਾਜਾ ਹੈ
C. ਦਲੀਪ ਲੜਾਕੇ ਪਿਉ ਦਾ ਪੁੱਤਰ ਹੈ
D. ਦਲੀਪ ਦਲੇਰ ਬਾਦਸ਼ਾਹ ਦਾ ਪੁੱਤਰ ਹੈ

15. ਮਹਾਰਾਣੀ 'ਸੰਸਾਰ ਛੱਡ ਗਈ ਸੀ' ਤੋਂ ਭਾਵ ਹੈ ਕਿ ਉਹ

A. ਮਰ ਗਈ ਸੀ ।
B. ਬਹੁਤ ਬੀਮਾਰ ਸੀ ।
C. ਉਡੀਕ ਕੇ ਥੱਕ ਗਈ ਸੀ ।
D. ਆਪਣਾ ਹੱਕ ਲੈਣ ਲਈ ਸੋਚ ਰਹੀ ਸੀ ।

**OVER**

THIS PAGE INTENTIONALLY BLANK

**INSTRUCTIONS:** Answer questions 2 to 4 in **Punjabi**. Your answers must be based on the passage on page 4. Complete sentences are not required.

2. ਦਲੀਪ ਸਿੰਘ ਨੂੰ ਲੈਣ ਕੌਣ ਗਿਆ ਸੀ ? **(1 mark)**

3. ਮਹਾਰਾਣੀ ਨੇ ਆਪਣੇ ਸਰੀਰ ਦੇ ਅੰਤਮ ਸਸਕਾਰ ਬਾਰੇ ਕਿਹੜੀਆਂ ਦੋ ਇੱਛਾਵਾਂ ਦੱਸੀਆਂ ? **(2 marks)**

4. ਮਹਾਰਾਣੀ ਦੀ ਮੌਤ ਕਿਸ ਦਿਨ ਤੇ ਕਿਸ ਸਮੇਂ ਹੋਈ ? **(2 marks)**

**OVER**

## SECTION 4: FICTION (DRAMA)

**Value: 10 marks** **Suggested Time: 10 minutes**

**INSTRUCTIONS:** Read the following drama carefully. For questions 16 to 20, select the **best** answer and record your choice on the Response Form provided.

(ਪੁਨੀਤ ਤੇ ਸੋਨੂੰ ਇਕ ਚਾਹ ਦੀ ਦੁਕਾਨ ਤੇ ਬੈਠੇ ਚਾਹ ਪੀ ਰਹੇ ਹਨ )

ਪੁਨੀਤ : ਤੁਸੀਂ ਕਦੋਂ ਜਾ ਰਹੇ ਹੋ ?

ਸੋਨੂ : ਬਸ ਇਕ ਦੋ ਹਫਤੇ ਤੱਕ ।

ਪੁਨੀਤ : ਅੱਛਾ ? ( ਦਰਵਾਜ਼ੇ ਵੱਲ ਦੇਖਦਾ ਹੋਇਆ )

ਓਹ ਆ ਬਈ ਜਵਾਨ, ਕੀ ਹਾਲ ਚਾਲ ਹੈ ਤੇਰਾ ?

ਸੁਰਿੰਦਰ : ਬਹੁਤ ਵਧੀਆ । ਤੁਸੀਂ ਸੁਣਾਓ ਕੀ ਕਰ ਰਹੇ ਹੋ ?

( ਸੋਨੂੰ ਵੱਲ ਦੇਖ ਕੇ ਮੁਸਕਰਾਉਂਦੇ ਹੋਏ ) ਕੀ ਹਾਲ ਹੈ ਸੋਨੂੰ ? ਕਿਧਰ ਹੁੰਦਾ ਹੈਂ ਅੱਜ ਕਲ ?

ਸੋਨੂੰ : ਯਾਰ ਤੇਰੀਆਂ ਹੀ ਗੱਲਾਂ ਕਰ ਰਹੇ ਸਾਂ । ਆ ਜਾ ਬਹਿ ਜਾ । ( ਕੁਰਸੀ ਅੱਗੇ ਵਧਾਉਂਦਾ ਹੈ )

ਪੁਨੀਤ : ਇਹ ਇੰਡੀਆ ਚੱਲਿਆ ਹੈ ਇੱਕ ਦੋ ਹਫਤੇ ਤੱਕ । ਅਸੀਂ ਗੱਲਾਂ ਕਰ ਰਹੇ ਸੀ ਕਿ ਤੂੰ ਹੁਣੇ ਹੁਣੇ ਉਥੋਂ ਘੁੰਮ ਫਿਰ ਕੇ ਆਇਆ ਹੈਂ । ਤੈਨੂੰ ਪੁੱਛੀਏ ਬਈ ਉਥੇ ਮੌਸਮ ਕਿਵੇਂ ਹੈ ਅੱਜ ਕੱਲ ।

ਸੁਰਿੰਦਰ : ਮੌਸਮ ਤਾਂ ਅੱਜ ਕੱਲ ਬਹੁਤ ਵਧੀਆ ਹੈ ਉਥੇ । ਬੱਸ ਹਲਕੀ ਹਲਕੀ ਠੰਢ ਹੈ । ਧੁੱਪ ਨਿਕਲਦੀ ਹੈ ਬਹੁਤ ਸੁਹਣੀ । ਆਪਣੇ ਇਥੇ ਤਾਂ ਬਰਫ ਨੇ ਹੀ ਬੱਸ ਕਰਾਈ ਪਈ ਹੈ ।

ਸੋਨੂੰ : ਕਿੰਨੀ ਦੇਰ ਲਗਾ ਕੇ ਆਏ ਹੋ ਤੁਸੀਂ ਉਥੇ ?

ਸੁਰਿੰਦਰ : ਅਸੀਂ ? ਇਹੀ ਕੋਈ ਮਹੀਨਾ ਕੁ ।

ਸੋਨੂੰ : ਕਿਵੇਂ ਲੱਗਿਆ ਤੈਨੂੰ ਇੰਡੀਆ ?

ਸੁਰਿੰਦਰ : ਮੈਂ ਤਾਂ ਯਾਰ ਪਹਿਲੀ ਵਾਰ ਗਿਆ ਸੀ ਉਥੇ । ਬਹੁਤ ਦਿਲ ਲੱਗਾ ਮੇਰਾ ਤਾਂ । ਸਾਰਾ ਕੁਝ ਖੁੱਲ੍ਹਾ ਖੁੱਲ੍ਹਾ ਸੀ ।

ਪੁਨੀਤ : ਅੱਛਾ ! ਹੋਰ ਉਥੇ ਕੀ ਦੇਖਿਆ ਤੂੰ ?

ਸੁਰਿੰਦਰ : ਤਾਜ ਮਹੱਲ, ਲਾਲ ਕਿਲ੍ਹਾ, ਗੁਰਦੁਆਰੇ ਅਤੇ ਹੋਰ ਬਹੁਤ ਕੁਝ । ਮੈਨੂੰ ਇਹ ਸਾਰੀਆਂ ਥਾਵਾਂ ਤਾਂ ਸੁਹਣੀਆਂ ਲੱਗੀਆਂ ਹੀ ਪਰ ਮੈਨੂੰ ਉਥੇ ਪਿੰਡ ਵਿੱਚ ਰਹਿਣਾ ਹੀ ਬਹੁਤ ਸੁਹਣਾ ਲੱਗਿਆ । ਟਿਊਬਵੈਲ ਤੇ ਨਹਾਉਣਾ, ਪਤੰਗ ਉਡਾਉਣੇ, ਖੇਤਾਂ ਵਿੱਚ ਤਾਇਆ ਜੀ ਨਾਲ ਮਦਦ ਕਰਵਾਉਣੀ ।

ਪੁਨੀਤ : ( ਸੋਨੂੰ ਵੱਲ ਦੇਖ ਕੇ ) ਚੱਲ ਬਈ ਸੋਨੂੰ ਹੁਣ ਤਾਂ ਤੂੰ ਜਾ ਕੇ ਹੀ ਆ ਇੰਡੀਆ ।

ਸੁਰਿੰਦਰ : ਸੋਨੂੰ, ਯਾਰ ਤੂੰ ਇੱਕ ਵਾਰ ਉਥੇ ਚਲਾ ਗਿਆ ਤਾਂ ਤੇਰਾ ਉਥੋਂ ਆਉਣ ਨੂੰ ਜੀਅ ਨਹੀਂ ਕਰਣਾ । ਮੇਰਾ ਤਾਂ ਆਪ ਫੇਰ ਜਾਣ ਨੂੰ ਦਿਲ ਕਰਦਾ ਪਿਐ ।

ਸੋਨੂੰ : ਚੱਲ ਆ ਜਾ ਸਾਡੇ ਨਾਲ ਹੀ ।

( ਤਿੰਨੋਂ ਹੱਸਣ ਲਗਦੇ ਹਨ )

16. ਇਹ ਸਾਰੇ ਦੋਸਤ ਕਿਥੇ ਬੈਠ ਕੇ ਗੱਲਾਂ ਕਰ ਰਹੇ ਹਨ ?

A. ਸਕੂਲ ਵਿੱਚ
B. ਪਾਰਕ ਵਿੱਚ
C. ਪੁਨੀਤ ਦੇ ਘਰ
D. ਚਾਹ ਦੀ ਦੁਕਾਨ ਤੇ

17. ਸੋਨੂੰ ਨੇ ਇੰਡੀਆ ਕਦੋਂ ਜਾਣਾ ਹੈ ?

A. ਮਹੀਨੇ ਬਾਅਦ
B. ਦੋ ਦਿਨਾਂ ਬਾਅਦ
C. ਇੱਕ ਦੋ ਹਫਤੇ ਬਾਅਦ
D. ਇੱਕ ਦੋ ਮਹੀਨੇ ਬਾਅਦ

18. ਚਾਹ ਪੀ ਰਹੇ ਦੋਸਤਾਂ ਨਾਲ ਕੌਣ ਆ ਕੇ ਮਿਲਿਆ ?

A. ਸੋਨੂੰ
B. ਪੁਨੀਤ
C. ਸੁਰਿੰਦਰ
D. ਤਾਇਆ ਜੀ

19. ਸੁਰਿੰਦਰ ਇੰਡੀਆ ਕਿੰਨੀ ਵਾਰ ਜਾ ਚੁੱਕਾ ਹੈ ?

A. ਇੱਕ ਵਾਰ
B. ਦੋ ਵਾਰ
C. ਤਿੰਨ ਵਾਰ
D. ਬਹੁਤ ਵਾਰ

20. ਸੁਰਿੰਦਰ ਨੇ ਪਿੰਡ ਵਿੱਚ ਕੀ ਕੀ ਕਰਨਾ ਪਸੰਦ ਕੀਤਾ ?

A. ਪਤੰਗ ਉਡਾਉਣੇ ਅਤੇ ਲਾਲ ਕਿਲ੍ਹਾ ਦੇਖਣਾ
B. ਪਤੰਗ ਉਡਾਉਣੇ ਅਤੇ ਟਿਊਬਵੈਲ ਤੇ ਨਹਾਉਣਾ
C. ਟਿਊਬਵੈਲ ਤੇ ਨਹਾਉਣਾ ਅਤੇ ਤਾਜ ਮਹੱਲ ਦੇਖਣਾ
D. ਖੇਤਾਂ ਵਿੱਚ ਮਦਦ ਕਰਨੀ ਅਤੇ ਗੋਲਡਨ ਟੈਂਪਲ ਦੇਖਣਾ

**OVER**

THIS PAGE INTENTIONALLY BLANK

**INSTRUCTIONS:** Answer questions 5 to 7 in **Punjabi**. Your answers must be based on the drama on page 8. Complete sentences are not required.

5. ਡਰਾਮੇ ਅਨੁਸਾਰ ਇੰਡੀਆ ਦੇ ਅੱਜ ਕਲ ਦੇ ਮੌਸਮ ਬਾਰੇ ਕੁਝ ਗੱਲਾਂ ਦੱਸੋ । **(2 marks)**

6. ਸੁਰਿੰਦਰ ਇੰਡੀਆ ਵਿੱਚ ਕਿੰਨਾ ਚਿਰ ਰਹਿ ਕੇ ਆਇਆ ਹੈ ? **(1 mark)**

7. ਸੁਰਿੰਦਰ ਨੇ ਇੰਡੀਆ ਕੀ ਕੀ ਦੇਖਿਆ ? ਕੋਈ ਦੋ ਥਾਂਵਾਂ ਦੇ ਨਾਮ ਲਿਖੋ । **(2 marks)**

**OVER**

**PART C: INFORMATIONAL COMMUNICATION**

**SECTION 5: NON-FICTION (JOURNALISTIC PROSE)**

**Value: 10 marks** **Suggested Time: 20 minutes**

**INSTRUCTIONS:** Read the following article carefully. For questions 21 to 25, select the **best** answer and record your choice on the Response Form provided.

# ਤਕਦੀਰ- ਏ - ਕੌਮ

ਕੌਮ ਦੀ ਤਕਦੀਰ ਦਾ ਚਿੰਤਕ ਰੇਡੀਉ ਪ੍ਰੋਗਰਾਮ ‘ਤਕਦੀਰ-ਏ-ਕੌਮ’ ਰੇਡੀਉ ਆਪਣਾ ਸੰਗੀਤ ਉਤੇ ਸੋਲ੍ਹਾਂ ਮਈ ਸੋਮਵਾਰ ਤੋਂ ਪ੍ਰਸਾਰਿਤ (broadcast) ਹੋਣਾ ਸ਼ੁਰੂ ਹੋ ਰਿਹਾ ਹੈ। ਇਹ ਪ੍ਰੋਗਰਾਮ ਹਫਤੇ ਦੇ ਪੰਜ ਦਿੰਨ ਸੋਮਵਾਰ ਤੋਂ ਸ਼ੁਕਰਵਾਰ ਸ਼ਾਮ ਦੇ ਅੱਠ ਵਜੇ ਤੋਂ ਨੌਂ ਵਜੇ ਤੱਕ ਇੱਕ ਘੰਟੇ ਲਈ ਪ੍ਰਸਾਰਿਤ ਕੀਤਾ ਜਾਵੇਗਾ। ਸਰੋਤਿਆਂ (listeners) ਦੀ ਜ਼ੋਰਦਾਰ ਮੰਗ ਨੂੰ ਮੁੱਖ ਰੱਖਦਿਆਂ ਇਹ ਪ੍ਰਵਾਰਿਕ (family) ਪ੍ਰੋਗਰਾਮ ਸਮੁੱਚੀ (entire) ਕਮਿਊਨਿਟੀ ਦੀ ਸੇਵਾ ਵਿੱਚ ਹਾਜ਼ਰ ਹੈ। ਇਸ ਵਿੱਚ ਵਿਚਾਰ ਵਟਾਂਦਰਾ, ਤਾਜ਼ੀਆਂ ਖ਼ਬਰਾਂ, ਕੌਮ ਅਤੇ ਕਮਿਊਨਿਟੀ ਦੇ ਮੌਜੂਦਾ ਮਸਲਿਆਂ (issues) ਤੇ ਗਲਬਾਤ ਅਤੇ ਸਾਹਿਤਕ (literary) ਪ੍ਰੋਗਰਾਮ ਪੇਸ਼ ਕੀਤੇ ਜਾਇਆ ਕਰਨਗੇ। ਪ੍ਰਬੰਧਕਾਂ (organizers) ਵਲੋਂ ਬੇਨਤੀ ਹੈ ਕਿ ਇਹ ਪ੍ਰੋਗਰਾਮ ਜ਼ਰੂਰ ਸੁਣੋ ਅਤੇ ਇਸ ਬਾਰੇ ਆਪਣੇ ਕੀਮਤੀ ਸੁਝਾਉ ਫੋਨ ਕਰਨ ਦੀ ਬਜਾਏ ਫੈਕਸ ਨੰਬਰ 555-0335 ਤੇ ਜ਼ਰੂਰ ਭੇਜੋ। ਤੁਹਾਡੇ ਸਹਿਯੋਗ ਨਾਲ ਹੀ ਇਹ ਪ੍ਰੋਗਰਾਮ ਸਫਲ ਹੋ ਸਕੇਗਾ।

21. ਰੇਡੀਉ ਦੇ ਨਵੇਂ ਪ੍ਰੋਗਰਾਮ ਦਾ ਨਾਮ ਕੀ ਹੈ?

A. ਅਪਣਾ ਸੰਗੀਤ
B. ਸੰਗੀਤ ਸਾਗਰ
C. ਕੌਮ ਦੀ ਤਕਦੀਰ
D. ਤਕਦੀਰ-ਏ-ਕੌਮ

22. ਇਹ ਪ੍ਰੋਗਰਾਮ ਕਿਹੜੇ ਰੇਡੀਉ ਤੋਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ ?

A. ਰਿਮ ਝਿਮ
B. ਦੂਰ ਦਰਸ਼ਨ
C. ਆਪਣਾ ਸੰਗੀਤ
D. ਸੰਗੀਤ ਸਾਗਰ

23. ਇਹ ਪ੍ਰੋਗਰਾਮ ਕਦੋਂ ਤੋਂ ਸ਼ੁਰੂ ਹੋ ਰਿਹਾ ਹੈ?

A. ਸੱਤ ਮਈ ਤੋਂ
B. ਅੱਠ ਮਈ ਤੋਂ
C. ਸੋਲ੍ਹਾਂ ਮਈ ਤੋਂ
D. ਸਤਾਈ ਮਈ ਤੋਂ

24. ਇਹ ਪ੍ਰੋਗਰਾਮ ਕਿੰਨੇ ਦਿਨ ਪ੍ਰਸਾਰਿਤ ਹੋਵੇਗਾ?

A. ਦੋ ਦਿਨ
B. ਸੱਤ ਦਿਨ
C. ਪੰਜ ਦਿਨ
D. ਚਾਰ ਦਿਨ

25. ਇਹ ਪ੍ਰੋਗਰਾਮ ਕਿਸ ਸਮੇਂ ਪ੍ਰਸਾਰਿਤ ਕੀਤਾ ਜਾਏਗਾ?

A. ਸਵੇਰੇ ਅੱਠ ਤੋਂ ਨੌਂ ਵਜੇ
B. ਸ਼ਾਮੀਂ ਅੱਠ ਤੋਂ ਨੌਂ ਵਜੇ
C. ਸ਼ਾਮੀਂ ਸੱਤ ਤੋਂ ਅੱਠ ਵਜੇ
D. ਸਵੇਰੇ ਸੱਤ ਤੋਂ ਅੱਠ ਵਜੇ

**THIS PAGE INTENTIONALLY BLANK**

| | |
|---|---|
| **INSTRUCTIONS:** | Answer questions 8 to 10 in **Punjabi**. Your answers must be based on the article on page 12. Complete sentences are not required. |

8. ਤਕਦੀਰ-ਏ-ਕੌਮ ਵਿੱਚ ਕਿਸ ਕਿਸ ਤਰ੍ਹਾਂ ਦੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਇਆ ਕਰਨਗੇ? **(2 marks)**

9. ਪ੍ਰਬੰਧਕਾਂ ਨੇ ਸੁਣਨ ਵਾਲਿਆਂ ਨੂੰ ਕੀ ਕੀ ਅਪੀਲ ਕੀਤੀ ਹੈ? **(2 marks)**

10. ਇਸ ਪ੍ਰੋਗਰਾਮ ਦੀ ਸਫਲਤਾ ਕਿਸ ਤੇ ਨਿਰਭਰ (depend) ਕਰਦੀ ਹੈ? **(1 mark)**

**SECTION 6: NON-FICTION (AUTHENTIC DOCUMENT)**

**Value: 10 marks** **Suggested Time: 20 minutes**

**INSTRUCTIONS:** Read the following information carefully. For questions 26 to 30, select the **best** answer and record your choice on the Response Form provided.

# ਲੋੜ ਹ

ਮਹਿਲਾ (female) ਵਾਰਡਨ ਦੀ ਲੋੜ ਹੈ। ਪੱਕੀ ਨੌਕਰੀ, ਰਿਹਾਇਸ਼ ਅਤੇ ਖਾਣਾ ਮੁਫਤ, ਇੰਟਰਵਿਊ 16.12.99 ਨੂੰ ਦੁਪਹਿਰ 12.00 ਵਜੇ। ਸਿੱਖ ਯੂਥ ਇੰਟਰਨੈਸ਼ਨਲ ਸਕੂਲ, 2795 ਮੇਨ ਸਟਰੀਟ, ਵੈਨਕੂਵਰ। ਮਿਲੋ: ਪ੍ਰਿੰਸੀਪਲ।

---

ਸ੍ਰੀ ਗੁਰੂ ਹਰਿਕ੍ਰਿਸ਼ਨ ਹਾਈ ਸਕੂਲ, ਐਬਟਸਫੋਰਡ ਲਈ ਅੰਗਰੇਜ਼ੀ ਬੋਲਣ ਵਿਚ ਨਿਪੁੰਨ (proficient), ਟਰੇਂਡ, ਅੰਗਰੇਜ਼ੀ, ਹਿਸਾਬ, ਕੰਮਪਿਊਟਰ, ਸਮਾਜਿਕ ਸਿੱਖਿਆ ਤੇ ਸੰਗੀਤ ਦੇ ਅਧਿਆਪਕ/ ਅਧਿਆਪਕਾ ਦੀ ਲੋੜ ਹੈ। ਤੁਰੰਤ ਮਿਲੋ: ਪ੍ਰਿੰਸੀਪਲ।

---

ਖਾਲਸਾ ਸੈਕੰਡਰੀ ਸਕੂਲ ਵਿਖੇ ਹੇਠ ਲਿਖੀਆਂ ਅਸਾਮੀਆਂ (candidates) ਦੀ ਲੋੜ ਹੈ:

1. ਹਿੰਦੀ ਅਧਿਆਪਕ : ਇੱਕ।
   ਯੋਗਤਾ (qualification) : ਓ.ਟੀ. ਪ੍ਰਭਾਕਰ (Honours in Hindi) ਬੀ.ਏ., ਬੀ.ਐੱਡ.
2. ਸਮਾਜਿਕ ਸਿਖਿਆ ਅਧਿਆਪਿਕਾ: ਇਕ ( ਛੁੱਟੀ ਤੇ ਖਾਲੀ ) ਯੋਗਤਾ: ਬੀ.ਏ., ਬੀ. ਐੱਡ

   ਗੌਰਮਿੰਟ ਗਰੇਡ ; ਅਰਜ਼ੀਆਂ 15 ਦਿਨਾਂ ਵਿਚ ਪ੍ਰਧਾਨ, ਖਾਲਸਾ ਐਜੂਕੇਸ਼ਨਲ ਕੌਂਸਲ, ਮਾਡਲ ਟਾਊਨ, ਲੁਧਿਆਣਾ ਨੂੰ ਭੇਜੋ।

---

ਗੁ: ਸ੍ਰੀ ਗੁਰੂ ਨਾਨਕ ਸਿੰਘ ਸਭਾ, ਮਾਡਲ ਗ੍ਰਾਮ, ਲੁਧਿਆਣਾ ਵਿਖੇ ਨਵੇਂ ਖੁੱਲ੍ਹ ਰਹੇ ਸਕੂਲ ਲਈ ਗੁਰਸਿੱਖ, ਤਜਰਬੇਕਾਰ ਮੁੱਖ ਅਧਿਆਪਕ ਦੀ ਲੋੜ ਹੈ। ਚੰਗੀ ਤਨਖਾਹ, ਰਿਹਾਇਸ਼ ਮੁਫ਼ਤ। ਰੀਟਾਇਰਡ ਲੋਕ ਵੀ ਸੰਪਰਕ ਕਰ ਸਕਦੇ ਹਨ। ਮਿਲੋ: 32- ਸੀ, ਮਾਡਲ ਗ੍ਰਾਮ, ਲੁਧਿਆਣਾ। ਫ਼ੋਨ: 55222

---

ਵਿਸ਼ਵ ਹਿੰਦੂ ਮਹਾਂਵਿਦਿਆਲਾ (university), 42-D ਚੰਡੀਗੜ੍ਹ ਨੂੰ ਇੱਕ ਡੀ .ਪੀ .ਐੱਡ. ਅਧਿਆਪਕਾ ਦੀ ਜ਼ਰੂਰਤ ਹੈ। ਯੋਗਤਾ ਦੇ ਅਧਾਰ ਤੇ ਸ਼ਾਨਦਾਰ ਤਨਖਾਹ। ਅਰਜ਼ੀ ਭੇਜੋ। ਇੰਟਰਵਿਊ 17.07.99 ਨੂੰ ਸਕੂਲ ਵਿਖੇ ਸਵੇਰੇ ਦਸ ਵਜੇ।

---

ਸਤਿਨਾਮ ਹਾਈ ਸਕੂਲ, ਨਵੀਂ ਦਿੱਲੀ ਵਿਖੇ, ਕੰਮਪਿਊਟਰ ਅਧਿਆਪਕਾ ਦੀ ਫੌਰਨ ਜ਼ਰੂਰਤ ਹੈ। ਵਧੀਆ ਤਨਖਾਹ ਤੋਂ ਇਲਾਵਾ ਆਉਣ ਜਾਣ ਦਾ ਕਿਰਾਇਆ ਵੱਖਰਾ। ਇੰਟਰਵਿਊ 25.07.99, 11 ਵਜੇ।

26. ਡੀ. ਪੀ. ਐੱਡ ਅਧਿਆਪਿਕਾ ਦੀ ਲੋੜ ਹੈ

A. ਸਤਿਨਾਮ ਹਾਈ ਸਕੂਲ ਨੂੰ
B. ਖਾਲਸਾ ਸੈਕੰਡਰੀ ਸਕੂਲ ਨੂੰ
C. ਵਿਸ਼ਵ ਹਿੰਦੂ ਮਹਾਵਿਦਿਆਲਾ ਨੂੰ
D. ਸ਼੍ਰੀ ਗੁਰੂ ਹਰਿਕ੍ਰਿਸ਼ਨ ਹਾਈ ਸਕੂਲ ਨੂੰ

27. ਛੁੱਟੀ ਤੇ ਖਾਲੀ ਨੌਕਰੀ ਲਈ ਅਧਿਆਪਕ ਦੀ ਜਰੂਰਤ ਕਿਸ ਸਕੂਲ ਨੂੰ ਹੈ ?

A. ਖਾਲਸਾ ਸੈਕੰਡਰੀ ਸਕੂਲ ਨੂੰ
B. ਸਿੱਖ ਯੂਥ ਇੰਟਰਨੈਸ਼ਨਲ ਸਕੂਲ
C. ਵਿਸ਼ਵ ਹਿੰਦੂ ਮਹਾਵਿਦਿਆਲਾ ਨੂੰ
D. ਸ਼੍ਰੀ ਗੁਰੂ ਹਰਿਕ੍ਰਿਸ਼ਨ ਹਾਈ ਸਕੂਲ ਨੂੰ

28. ਗੁਰੂ ਨਾਨਕ ਸਿੰਘ ਸਭਾ ਨੂੰ ਕਿਸ ਦੀ ਜਰੂਰਤ ਹੈ ?

A. ਮੁੱਖ ਅਧਿਆਪਕ ਦੀ
B. ਹਿੰਦੀ ਅਧਿਆਪਕ ਦੀ
C. ਡੀ. ਪੀ. ਐੱਡ ਅਧਿਆਪਕ ਦੀ
D. ਸਮਾਜਿਕ ਸਿਖਿਆ ਅਧਿਆਪਕ ਦੀ

29. ਕੰਮਪਿਊਟਰ ਅਧਿਆਪਿਕਾ ਦੀ ਨੌਕਰੀ ਲੈਣ ਲਈ ਤੁਸੀਂ ਕਿੰਨੇ ਸਕੂਲਾਂ ਵਿੱਚ ਅਪਲਾਈ ਕਰ ਸਕਦੇ ਹੋ ?

A. ਦੋ
B. ਇੱਕ
C. ਤਿੰਨ
D. ਚਾਰ

30. ਇੱਕ ਹਿੰਦੀ ਅਧਿਆਪਕ ਦੀ ਲੋੜ ਕਿਸ ਨੂੰ ਹੈ ?

A. ਸਤਿਨਾਮ ਹਾਈ ਸਕੂਲ ਨੂੰ
B. ਖਾਲਸਾ ਸੈਕੰਡਰੀ ਸਕੂਲ ਨੂੰ
C. ਵਿਸ਼ਵ ਹਿੰਦੂ ਮਹਾਵਿਦਿਆਲਾ ਨੂੰ
D. ਸ਼੍ਰੀ ਗੁਰੂ ਹਰਿਕ੍ਰਿਸ਼ਨ ਹਾਈ ਸਕੂਲ ਨੂੰ

**THIS PAGE INTENTIONALLY BLANK**

**INSTRUCTIONS:** Answer questions 11 to 14 in **Punjabi**. Your answers must be based on the information on page 16. Complete sentences are not required.

11. ਮਹਿਲਾ ਵਾਰਡਨ ਦੀ ਨੌਕਰੀ ਵਿੱਚ ਤਨਖਾਹ ਤੋਂ ਇਲਾਵਾ ਹੋਰ ਕੀ ਸਹੂਲਤਾਂ ਹਨ ? **(1 mark)**

12. ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਸਾਰੇ ਅਧਿਆਪਕਾਂ ਲਈ ਕਿਸ ਵਿਸ਼ੇਸ਼ ਯੋਗਤਾ ਦੀ ਲੋੜ ਹੈ ? **(1 mark)**

13. ਖਾਲਸਾ ਸੈਕੰਡਰੀ ਸਕੂਲ ਵਿਖੇ ਸਮਾਜਿਕ ਸਿਖਿਆ ਅਧਿਆਪਕ ਅਤੇ ਹਿੰਦੀ ਅਧਿਆਪਕ ਦੀ ਨੌਕਰੀ ਲੈਣ ਲਈ ਕਿਹੜੀ ਕਿਹੜੀ ਯੋਗਤਾ ਹੋਣੀ ਚਾਹੀਦੀ ਹੈ ? **(2 marks)**

14. ਜੇ ਤੁਸੀਂ ਸੰਗੀਤ ਦੇ ਮਾਹਰ ਹੋ ਤਾਂ ਤੁਹਾਨੂੰ ਕਿਥੇ ਅਪਲਾਈ ਕਰਨਾ ਚਾਹੀਦਾ ਹੈ ? **(1 mark)**

**OVER**

## PART D: INTERPERSONAL COMMUNICATION

## SECTION 7: STORY COMPLETION

**Value: 10 marks** **Suggested Time: 10 minutes**

| | |
|---|---|
| **INSTRUCTIONS:** | Using approximately 60 words, complete the following story in **Punjabi**. Avoid repetition and lists. Marks will be awarded for content and for grammatical correctness. |

15. ਇਸ ਕਹਾਣੀ ਨੂੰ ਪੂਰਾ ਕਰੋ :
ਉਹ ਅੰਦਰ ਬੈਠਾ/ਬੈਠੀ ਟੀ.ਵੀ.ਤੇ ਹਾਕੀ ਦਾ ਮੈਚ ਦੇਖ ਰਿਹਾ/ਰਹੀ ਸੀ । ਅਚਾਨਕ ਹੀ ਉਸ ਨੂੰ ਬਾਹਰੋਂ ਕੋਈ ਅਵਾਜ਼ ਸੁਣਾਈ ਦਿਤੀ । ਉਹ ਡਰ ਗਿਆ/ਗਈ . . . **(10 marks)**

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi** using approximately 60 words, on the topic given below. Avoid repetition and lists. Marks will be awarded for content and for grammatical correctness. |

16. Write a letter to invite a friend to participate in the Terry Fox run that your school has organized to raise funds to find a cure for cancer. **(10 marks)**

**Note:** Letter should include appropriate salutation and closing phrases.
Students must avoid identifying themselves, their schools, or school districts.

**OVER**

## SECTION 9: MAP DIRECTIONS

**Value: 10 marks** **Suggested Time: 10 minutes**

**INSTRUCTIONS:** In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness.

17. Your friend Jasmyn has just arrived from India. Describe the route you would take from your house to show her the important landmarks, including the public market and G.M. Place.

**(10 marks)**




**END OF EXAMINATION**

INSERT STUDENT I.D. NUMBER (PEN)

STICKER IN THIS SPACE

# PUNJABI 12

## JUNE 1999

Course Code = PUN

FOR OFFICE USE ONLY

# PUNJABI 12

## JUNE 1999

Course Code = PUN

| Score for Question 1: | Score for Question 11: |
|---|---|
| 1. ____ (10) | 11. ____ (1) |

| Score for Question 2: | Score for Question 12: |
|---|---|
| 2. ____ (1) | 12. ____ (1) |

| Score for Question 3: | Score for Question 13: |
|---|---|
| 3. ____ (2) | 13. ____ (2) |

| Score for Question 4: | Score for Question 14: |
|---|---|
| 4. ____ (2) | 14. ____ (1) |

| Score for Question 5: | Score for Question 15: |
|---|---|
| 5. ____ (2) | 15. ____ (10) |

| Score for Question 6: | Score for Question 16: |
|---|---|
| 6. ____ (1) | 16. ____ (10) |

| Score for Question 7: | Score for Question 17: |
|---|---|
| 7. ____ (2) | 17. ____ (10) |

Score for Question 8:

8. ____ (2)

Score for Question 9:

9. ____ (2)

Score for Question 10:

10. ____ (1)